# ਫਾਰਮ ਦੇ ਜਾਨਵਰਾਂ ਅਤੇ ਪਸ਼ੂ-ਡੰਗਰ ਦੀ ਐਮਰਜੈਂਸੀ ਲਈ ਤਿਆਰੀ

## ਸੰਖੇਪ ਜਾਣਕਾਰੀ

ਐਲਬਰਟਾ ਦੇ ਬਹੁਤ ਸਾਰੇ ਹਿੱਸਿਆਂ ਵਿਚ ਐਮਰਜੈਂਸੀਆਂ ਅਤੇ ਆਫਤਾਂ, ਜਿਵੇਂ ਕਿ ਤਬੇਲੇ ਦੀ ਅੱਗ, ਬਰਫੀਲੇ ਝੱਖੜ ਜਾਂ ਹੜ੍ਹ ਆਮ ਖਤਰਾ ਹਨ।

## ਖਤਰਿਆਂ ਬਾਰੇ ਜਾਣੋ

ਖਤਰਿਆਂ ਦੀ ਨਿਸ਼ਾਨਦੇਹੀ ਕਰ ਲੈਣਾ, ਜਦੋਂ ਅਚਨਚੇਤੀ ਘਟਨਾਵਾਂ ਵਾਪਰਦੀਆਂ ਹਨ, ਤੁਹਾਨੂੰ ਤਿਆਰ ਹੋਣ ਅਤੇ ਉਨ੍ਹਾਂ ਦੇ ਅਸਰਾਂ ਨੂੰ ਘਟਾਉਣ 'ਚ ਮਦਦ ਕਰਦਾ ਹੈ।

### ਆਮ ਖ਼ਤਰਿਆਂ ਵਿਚ ਸ਼ਾਮਲ ਹੈ:

- ਨੇੜੇ ਦੇ ਨਾਲਿਆਂ, ਨਦੀਆਂ, ਨਹਿਰਾਂ ਅਤੇ ਝੀਲਾਂ ਦੇ ਉੱਛਲਣ ਨਾਲ ਆਉਣ ਵਾਲੇ ਹੜ੍ਹ।
- ਨੇੜੇ ਦੇ ਘਾਹ ਦੇ ਮੈਦਾਨਾਂ, ਜੰਗਲਾਂ ਅਤੇ ਖੇਤਾਂ ਵਿਚ ਬਣੀਆਂ ਇਮਾਰਤਾਂ, ਜਿਵੇਂ ਕਿ ਤਬੇਲੇ (ਬਾਰਨ) ਵਿਚ ਲੱਗੀਆਂ ਅੱਗਾਂ, ਜੋ ਕਾਬੂ ਤੋਂ ਬਾਹਰ ਹੋਣ।
- ਭਾਰੀ ਤੂਫਾਨ ਜਿਵੇਂ ਕਿ ਅਤਿ ਤੇਜ਼ ਹਵਾ, ਟੌਰਨੈਡੋ, ਭਾਰੀ ਬਾਰਸ਼ ਅਤੇ ਬਰਫੀਲੇ ਤੂਫਾਨ।
- ਖਤਰਨਾਕ ਫਜ਼ੂਲ ਪਦਾਰਥਾਂ ਦਾ ਡੁੱਲ੍ਹਣਾ ਅਤੇ ਖਤਰਨਾਕ ਚੀਜ਼ਾਂ ਦਾ ਖਿਲਰਨਾ।
- ਬਿਮਾਰੀਆਂ ਅਤੇ / ਜਾਂ ਕੀੜੇ-ਮਕੌੜੇ, ਜੋ ਜਾਨਵਰਾਂ ਅਤੇ ਫਸਲਾਂ ਨੂੰ ਪ੍ਰਭਾਵਤ ਕਰਦੇ ਹਨ।

## ਯੋਜਨਾ ਬਣਾਉ

ਬਣਾਈ ਹੋਈ ਕੋਈ ਯੋਜਨਾਂ ਐਮਰਜੈਂਸੀ ਜਾਂ ਆਫ਼ਤ ਦੇ ਤਣਾਅ ਨਾਲ ਨਜਿੱਠਣ ਵਿਚ ਤੁਹਾਡੀ ਸਹਾਇਤਾ ਕਰ ਸਕਦੀ ਹੈ। ਆਪਣੀ ਯੋਜਨਾ ਬਣਾਉਣ ਵੇਲੇ ਹੇਠ ਲਿਖਿਆਂ 'ਤੇ ਵਿਚਾਰ ਕਰੋ:

- ਇੱਕ ਨਕਸ਼ਾ ਬਣਾਉ। ਪ੍ਰਾਪਰਟੀ ਦੀਆਂ ਇਮਾਰਤਾਂ ਦੀ ਰੂਪ-ਰੇਖਾ ਬਣਾਉ ਅਤੇ ਉਸ 'ਚ ਮੂਲ ਸੇਵਾਵਾਂ (ਬਿਜਲੀ ਅਤੇ ਪਾਣੀ ਦੇ ਸਰੋਤ), ਪਹੁੰਚ ਕਰਨ ਦੇ ਰਸਤੇ, ਸਾਜ਼-ਸਮਾਨ ਦੇ ਸਥਾਨ ਅਤੇ ਖਤਰਨਾਕ ਰਸਾਇਣ ਸਟੋਰ ਕਰਨ ਦੀਆਂ ਥਾਵਾਂ ਸ਼ਾਮਲ ਕਰੋ। ਹਰੇਕ ਇਮਾਰਤ ਵਿਚ ਆਪਣਾ ਨਕਸ਼ਾ ਲਗਾ ਦਿਉ।
- ਸਥਾਨ ਖਾਲੀ ਕਰਨ ਦਾ ਹੁਕਮ ਹੋਣ ਦੀ ਸੂਰਤ 'ਚ ਇੱਕ ਮਿਲਣ ਵਾਲੀ ਥਾਂ ਜਾਂ ਹਾਜ਼ਰੀ ਵੇਖਣ ਦੀ ਥਾਂ ਮਿਥ ਲਵੋ। ਇਹ ਯਕੀਨੀ ਬਣਾਉ ਕਿ ਹਰ ਇਕ ਨੂੰ ਉਸ ਥਾਂ (ਥਾਵਾਂ) ਦਾ ਪਤਾ ਹੋਵੇ ਅਤੇ ਪੱਕਾ ਕਰ ਲਉ ਕਿ ਜਿਹੜਾ ਜਾਨਵਰ ਤੁਸੀਂ ਨਾਲ ਲਿਜਾ ਸਕਦੇ ਹੋ, ਉਸਦੀ ਖੁਰਾਕ, ਪਾਣੀ ਅਤੇ ਪਨਾਹ ਮੌਜੂਦ ਹੈ। ਰੁੱਤਦਾਰ ਮੌਸਮਾਂ ਦੇ ਪ੍ਰਭਾਵਾਂ ਬਾਰੇ ਵਿਚਾਰ ਲਉ।
- ਲਿਜਾਣ ਲਿਆਉਣ ਦੇ ਸੁਰੱਖਿਅਤ ਤਰੀਕੇ ਬਣਾਉ। ਜੇਕਰ ਸੰਭਵ ਹੋਵੇ, ਤਾਂ ਆਪਣੇ ਜਾਨਵਰਾਂ ਨੂੰ ਲੱਦਣ ਅਤੇ ਲਿਜਾਣ ਲਿਆਉਣ ਦਾ ਅਭਿਆਸ ਕਰੋ।
- ਜਦੋਂ ਵੀ ਸੰਭਵ ਹੋਵੇ, ਯਕੀਨੀ ਬਣਾਉ ਕਿ ਜਾਨਵਰ ਦੀ ਵੇਖਣ 'ਤੇ ਪਛਾਣ ਆਵੇ (ਕੰਨਾਂ ਦੇ ਟੈਗ, ਟੈਟੂ, ਆਦਿ)। ਸਾਰੇ ਜਾਨਵਰਾਂ ਦੀ ਪਛਾਣ ਅਤੇ ਮਾਲਕੀ ਦੇ ਰਿਕਾਰਡਾਂ ਦੀ ਇਕ ਫਾਈਲ ਤਿਆਰ ਕਰੋ।
- ਇਕ ਐਮਰਜੈਂਸੀ ਸੰਪਰਕ ਸੂਚੀ ਬਣਾਉ। ਉਸ 'ਚ ਗੁਆਂਢੀਆਂ, ਜਾਨਵਰ ਸੰਭਾਲਣ ਵਾਲਿਆਂ/ਲਿਜਾਣ ਲਿਆਉਣ ਵਾਲਿਆਂ, ਵੈਟਰੀਨੇਰੀਅਨਾਂ ਅਤੇ ਫੀਡ ਸਪਲਾਇਰਾਂ ਨੂੰ ਸ਼ਾਮਲ ਕਰੋ। ਇਸਨੂੰ ਹਰੇਕ ਇਮਾਰਤ ਵਿਚ ਲਗਾਉ।
- ਸਾਰੇ ਰਿਕਾਰਡ (ਜਾਨਵਰਾਂ ਦੀਆਂ ਆਈ ਡੀਆਂ, ਸੰਪਰਕ ਸੂਚੀਆਂ ਅਤੇ ਸਾਈਟ ਦਾ ਨਕਸ਼ਾ) ਸਾਈਟ ਉੱਪਰ, ਸਾਈਟ ਤੋਂ ਕਿਤੇ ਬਾਹਰ ਅਤੇ ਡਿਜੀਟਲ ਰੂਪ ਵਿਚ ਸਟੋਰ ਕਰੋ।
- ਆਪਣੇ ਸਥਾਨਕ ਐਮਰਜੈਂਸੀ ਮੈਨੇਜਮੈਂਟ ਦੇ ਡਾਇਰੈਕਟਰ ਨਾਲ ਇਹ ਸਿੱਖਣ ਲਈ ਕੰਮ ਕਰੋ ਕਿ ਕਿਸ ਕਿਸਮ ਦੀ ਸਹਾਇਤਾ ਉਪਲਬਧ ਹੋਵੇਗੀ।

ਇਹ ਪਤਾ ਲਗਾਉ ਕਿ ਐਮਰਜੈਂਸੀ ਦੌਰਾਨ ਤੁਹਾਡੀ ਕਮਿਊਨਿਟੀ ਜਾਣਕਾਰੀ ਅਤੇ ਅੱਪਡੇਟਾਂ ਕਿੱਥੇ ਪੋਸਟ ਕਰੇਗੀ। ਗੰਭੀਰ, ਜ਼ਿੰਦਗੀ-ਬਚਾਊ ਚਿਤਾਵਨੀਆਂ ਲਈ ਐਲਬਰਟਾ ਐਮਰਜੈਂਸੀ ਅਲਰਟ ਐਪ ਡਾਊਨਲੋਡ ਕਰੋ।

**ਟਰੇਸੇਬਿਲਿਟੀ ਸੁਰੱਖਿਆ ਕਰਦੀ ਹੈ! ਐਮਰਜੈਂਸੀਆਂ ਦੌਰਾਨ ਸਥਾਨਕ ਅਧਿਕਾਰੀਆਂ ਨੂੰ ਆਪਣੇ ਜਾਨਵਰਾਂ ਦੀ ਸੁਰੱਖਿਆ ਕਰਨ 'ਚ ਮਦਦ ਦੇਣ ਲਈ ਆਪਣੇ ਮਾਲ-ਡੰਗਰ ਅਤੇ ਪੋਲਟਰੀ ਨੂੰ ਐਲਬਰਟਾ ਐਗਰੀਕਲਚਰ' ਜ਼ ਟਰੇਸਿਬਿਲਿਟੀ ਪ੍ਰੋਗਰਾਮ ਨਾਲ ਰਜਿਸਟਰ ਕਰਵਾਉ। agriculture.alberta.ca/premises. 'ਤੇ ਆਨਲਾਈਨ ਰਜਿਸਟਰ ਕਰੋ।**

## ਜਾਣੋ ਕਿ ਕਦੋਂ ਰੁਕਣਾ ਜਾਂ ਜਾਣਾ ਹੈ

ਤੁਹਾਡੀ ਸੁਰੱਖਿਆ ਲਈ, ਅਧਿਕਾਰੀ ਤੁਹਾਨੂੰ ਕਿਸੇ ਮੌਜੂਦ ਥਾਂ 'ਚ ਪਨਾਹ ਲੈਣ ਜਾਂ ਸਥਾਨ ਖਾਲੀ ਕਰਨ ਲਈ ਨਿਰਦੇਸ਼ ਦੇ ਸਕਦੇ ਹਨ। ਸਾਰੇ ਨਿਰਦੇਸ਼ਾਂ ਦਾ ਪਾਲਣ ਕਰਨਾ ਅਤੇ ਜਾਣਕਾਰੀ ਰੱਖਣਾ ਮਹੱਤਵਪੂਰਨ ਹੈ ਕਿਉਂਕਿ ਸਥਿਤੀ ਅਤੇ ਨਿਰਦੇਸ਼ ਤੇਜ਼ੀ ਨਾਲ ਬਦਲ ਸਕਦੇ ਹਨ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

### ਜਾਨਵਰਾਂ ਲਈ ਮੌਜੂਦ ਥਾਂ 'ਚ ਸ਼ੈਲਟਰ

ਮੌਜੂਦ ਥਾਂ 'ਤੇ ਸ਼ੈਲਟਰ 'ਚ ਰਹਿਣ ਦੇ ਹੁਕਮ ਕੁਝ ਘੰਟੇ ਜਾਂ ਕੁਝ ਦਿਨ ਲਈ ਰਹਿ ਸਕਦੇ ਹਨ| ਜੇ ਸਮਾਂ ਇਜਾਜ਼ਤ ਦਿੰਦਾ ਹੈ ਅਤੇ ਸਥਿਤੀ 'ਤੇ ਨਿਰਭਰ ਕਰਦਿਆਂ ਤੁਹਾਨੂੰ ਜਾਨਵਰਾਂ ਨੂੰ ਸ਼ੈਲਟਰ 'ਚ ਬੰਦ ਰੱਖਣਾ ਜਾਂ ਉਨ੍ਹਾਂ ਨੂੰ ਚਰਾਗਾਹਾਂ ਵਿਚ ਛੱਡ ਦੇਣਾ ਚਾਹੀਦਾ ਹੈ|

ਦਿਮਾਗ 'ਚ ਰੱਖੋ, ਜੇ ਜਾਨਵਰ ਇਕ ਸ਼ੈਲਟਰ ਵਿਚ ਹੀ ਬੰਦ ਰਹਿੰਦੇ ਹਨ, ਤਾਂ ਉਨ੍ਹਾਂ ਦੇ ਹਮਲਾਵਰਾਨਾ ਵਿਵਹਾਰ ਅਤੇ ਛੂਤ ਦੀਆਂ ਬਿਮਾਰੀਆਂ ਦੇ ਪ੍ਰਕੋਪ ਦਾ ਖਤਰਾ ਹੋ ਸਕਦਾ ਹੈ|

### ਜਾਨਵਰਾਂ ਸਮੇਤ ਸਥਾਨ ਖਾਲੀ ਕਰਨਾਂ

ਜੇਕਰ ਸਥਾਨ ਖਾਲੀ ਕਰਨ ਦਾ ਹੁਕਮ ਹੋਇਆ ਹੈ, ਤਾਂ ਤੁਹਾਡੇ ਕੋਲ ਆਪਣਾ ਸਮਾਨ ਇਕੱਠਾ ਕਰਨ ਲਈ ਸਿਰਫ ਕੁਝ ਕੁ ਮਿੰਟ ਹੋ ਸਕਦੇ ਹਨ| ਯੋਜਨਾਂ ਬਣਾ ਕੇ ਰੱਖੋ ਤਾਂ ਜੋ ਤੁਸੀਂ ਤਿਆਰ ਹੋਵੋ|

ਜੇ ਸਮਾਂ ਆਗਿਆ ਦਿੰਦਾ ਹੈ:

- ਜਾਨਵਰਾਂ ਨੂੰ ਬਾਹਰ ਕੱਢਣ ਲਈ ਸਮੇਂ ਅਤੇ ਸਹੀ ਸਾਜ਼-ਸਮਾਨ ਦੀ ਲੋੜ ਹੁੰਦੀ ਹੈ (ਮਿਸਾਲ ਦੇ ਤੌਰ 'ਤੇ ਵਾੜੇ, ਪਿੰਜਰੇ ਅਤੇ ਟ੍ਰੇਲਰ)|
- ਜਿਸ ਥਾਂ 'ਤੇ ਜਾਣਾ ਹੈ, ਉੱਥੇ ਖੁਰਾਕ ਅਤੇ ਪਾਣੀ ਢੋਣਾ, ਜੇਕਰ ਉਥੇ ਪਹਿਲਾਂ ਉਪਬਲਧ ਨਹੀਂ ਹੈ|
- ਸ਼ੈਲਟਰ ਦੀ ਜ਼ਰੂਰਤ 'ਤੇ ਗੌਰ ਕਰੋ| ਬਹੁਤ ਜ਼ਿਆਦਾ ਠੰਢ ਅਤੇ ਗਰਮੀ ਜਾਨਵਰਾਂ ਲਈ ਨੁਕਸਾਨਦਾਇਕ ਹੋ ਸਕਦੀ ਹੈ|.

ਜਦੋਂ ਸਥਾਨ ਖਾਲੀ ਕਰਨ ਦਾ ਹੁਕਮ ਜਾਰੀ ਹੁੰਦਾ ਹੈ, ਤਾਂ ਮਾਲ-ਡੰਗਰ ਨੂੰ ਕੱਢਣ ਦੀ ਜਾਣਕਾਰੀ ਸਥਾਨਕ ਅਧਿਕਾਰੀਆਂ ਵੱਲੋਂ ਅਕਸਰ ਸਾਂਝੀ ਕੀਤੀ ਜਾਂਦੀ ਹੈ|

### ਜਾਨਵਰਾਂ ਤੋਂ ਬਿਨਾਂ ਸਥਾਨ ਖਾਲੀ ਕਰਨਾਂ

ਅਜਿਹੀਆਂ ਸਥਿਤੀਆਂ ਹੋ ਸਕਦੀਆਂ ਹਨ ਜਦੋਂ ਸਥਾਨ ਅਚਾਨਕ ਖਾਲੀ ਕਰਨਾਂ ਪਵੇ| ਜੇ ਅਜਿਹਾ ਹੁੰਦਾ ਹੈ ਤਾਂ:

- ਘੱਟੋ ਘੱਟ 72 ਘੰਟਿਆਂ ਦੀ ਖੁਰਾਕ ਅਤੇ ਪਾਣੀ ਛੱਡੋ ਜਿਸ ਲਈ ਬਿਜਲੀ ਦੇ ਚੱਲਣ ਦੀ ਜ਼ਰੂਰਤ ਨਹੀਂ (ਮਿਸਾਲ ਵਜੋਂ ਬਿਜਲੀ ਨਾਲ ਪਾਣੀ ਕੱਢਣ ਵਾਲੇ ਜੁਗਾੜ)|
- ਬੇ-ਰੋਕ ਟੋਕ ਚੱਲਣ ਫਿਰਨ ਅਤੇ ਖਤਰਿਆਂ ਨੂੰ ਟਾਲਣ 'ਚ ਸਹਾਈ ਹੋਣ ਵਾਲੇ ਵਿਸ਼ਾਲ ਖੇਤਰ ਬਣਾਉਣ ਲਈ ਗੇਟ ਖੋਲ੍ਹ ਦਿਉ ਜਾਂ ਵਾੜ ਨੂੰ ਆਸੇ ਪਾਸੇ ਕਰ ਦਿਉ|
- ਤਬੇਲੇ (ਬਾਰਨ) ਦੇ ਦਰਵਾਜ਼ੇ ਬੰਦ ਰੱਖੋ ਤਾਂ ਕਿ ਜਾਨਵਰਾਂ ਨੂੰ ਵਾਪਸ ਅੰਦਰ ਜਾਣ ਤੋਂ ਰੋਕਿਆ ਜਾ ਸਕੇ, ਜਿੱਥੇ ਜਾ ਕੇ ਉਹ ਫਸ ਸਕਦੇ ਹਨ|
- ਜਾਨਵਰਾਂ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਨੂੰ ਖੁਰਾਕ ਦੇਣ ਬਾਰੇ ਆਪਣੇ ਐਮਰਜੈਂਸੀ ਸੰਪਰਕਾਂ ਨਾਲ ਗੱਲ ਕਰੋ|
- ਯਕੀਨੀ ਬਣਾਉ ਕਿ ਜੇਕਰ ਜਾਨਵਰ ਅੰਦਰ ਫਸ ਜਾਂਦੇ ਹਨ, ਤਾਂ ਜਾਨਵਰਾਂ ਨੂੰ ਛੁੜਵਾਉਣ ਆਉਣ ਵਾਲੇ ਫਸਟ ਰਿਸਪਾਂਡਰਾਂ ਲਈ ਹੈਂਡਲ ਕਰਨ ਦਾ ਸਾਜ਼-ਸਮਾਨ ਤੇ ਸੰਦ ਝਟਪਟ ਉਪਲਬਧ ਹੋਣ|

## ਕਿੱਟ ਬਣਾਉ / ਸਪਲਾਈਆਂ ਇਕੱਠੀਆਂ ਕਰੋ

ਐਮਰਜੈਂਸੀ ਅਤੇ ਆਫਤਾਂ ਕੁਝ ਘੰਟੇ, ਜਾਂ ਕੁਝ ਦਿਨ ਰਹਿ ਸਕਦੀਆਂ ਹਨ | ਘੱਟੋ ਘੱਟ 14 ਦਿਨ ਲਈ ਚੱਲ ਸਕਣ ਜੋਗੀਆਂ ਸਪਲਾਈਆਂ ਆਪਣੇ ਕੋਲ ਰੱਖਣਾ ਚੰਗੀ ਗੱਲ ਹੈ| ਆਪਣੀਆਂ ਸਪਲਾਈਆਂ ਇਕੱਠੀਆਂ ਕਰਕੇ ਅਸਾਨੀ ਨਾਲ ਪਹੁੰਚ ਕੀਤੀ ਜਾ ਸਕਣ ਵਾਲੀ ਜਗ੍ਹਾ 'ਚ ਰੱਖੋ|

### ਘਰੇਲੂ ਐਮਰਜੈਂਸੀ ਸਪਲਾਈਆਂ

- ਪਾਣੀ (ਪੀਣ, ਖਾਣਾ ਪਕਾਉਣ ਅਤੇ ਸਫਾਈ ਲਈ)|
- ਭੋਜਨ (ਉੱਚ ਪ੍ਰੋਟੀਨ ਵਾਲਾ ਜੋ ਖਰਾਬ ਨਾ ਹੋਵੇ)|
- ਬਿਜਲੀ ਚਲੇ ਜਾਣ ਦੀ ਸਥਿਤੀ ਲਈ ਬੈਟਰੀ ਨਾਲ ਚੱਲਣ ਵਾਲਾ/ਕਰੈਂਕ ਰੇਡੀਉ/ਫਲੈਸ਼ ਲਾਈਟ ਜਾਂ ਵੈਦਰਰੇਡਿਉ|
- ਦਸਤਾਵੇਜ਼, ਪਛਾਣ-ਪੱਤਰ ਅਤੇ ਨਕਦੀ|
- ਨਿੱਜੀ ਸਪਲਾਈਆਂ ਅਤੇ ਦਵਾਈ|

### ਜਾਨਵਰਾਂ ਦੀਆਂ ਐਮਰਜੈਂਸੀ ਸਪਲਾਈਆਂ

- ਫਸਟ ਏਡ ਕਿੱਟ ਅਤੇ ਸਪਲੀਮੈਂਟ|
- ਦਵਾਈਆਂ ਦੀ ਸੂਚੀ, ਵੈਟੇਰੀਨਰੀ ਡਾਕਟਰ ਤੋਂ ਰਿਕਾਰਡ, ਜਾਨਵਰਾਂ ਦੀ ਪਛਾਣ, ਸਿਹਤ ਅਤੇ ਸੇਲ ਦਾ ਰਿਕਾਰਡ ਅਤੇ ਮਲਕੀਅਤ ਦੇ ਸਬੂਤ|
- ਹੈਂਡਲ ਕਰਨ ਲਈ ਸਾਜ਼-ਸਮਾਨ (ਮਿਸਾਲ ਵਜੋਂ ਰੱਸੀਆਂ, ਪਿੰਜਰੇ, ਰੋਕਾਂ, ਗਰਮ ਝੁੱਲ੍ਹ ਅਤੇ ਵਾੜ ਕੱਟਣ ਲਈ ਕਟਰ)|

## ਵਧੇਰੇ ਜਾਣਕਾਰੀ ਲਈ

ਤਿਆਰੀ ਬਾਰੇ ਵਧੇਰੇ ਜਾਣਕਾਰੀ ਤੁਸੀਂ **Alberta.ca** ਰਾਹੀਂ ਜਾਂ ਆਪਣੀ ਕਮਿਊਨਿਟੀ ਦੇ ਡਾਇਰੈਕਟਰ ਆਫ ਐਮਰਜੈਂਸੀ ਮੈਨੇਜਮੈਂਟ ਨਾਲ ਸੰਪਰਕ ਕਰਕੇ ਲੈ ਸਕਦੇ ਹੋ|

ਤਿਆਰ ਹੋਵੋ:alberta.ca/emergency-preparedness.aspx

ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi